# ਅਠਵਾਂ ਅਧਿਐਨ

ਅਠਵੇਂ ਅਧਿਐਨ ਵਿਚ ਵੀ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੈ। ਸ੍ਰੀ ਜੰਬੂ ਸਵਾਮੀ ਦੇ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਸੁਧਰਮਾ ਸਵਾਮੀ ਫੁਰਮਾਂਦੇ ਹਨ। ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦੀ ਨਗਰੀ ਸੀ, ਗੁਣਸ਼ੀਲ ਨਾਂ ਦਾ ਚੈਤਯ ਸੀ। ਸ੍ਰੈਣਿਕ ਨਾਂ ਦਾ ਰਾਜਾ ਰਾਜ ਕਰਦਾ ਸੀ।227।

ਉਸੇ ਰਾਜਗ੍ਰਹਿ ਨਗਰ ਵਿਚ ਮਹਾਸ਼ਤਕ ਨਾਂ ਦਾ ਗਾਥਾਪਤੀ ਰਹਿੰਦਾ ਸੀ (ਜਿਵੇਂ ਕਿ ਆਨੰਦ ਸ੍ਰਾਵਕ ਬਨਿਆ ਗਰਾਮ ਵਿਚ ਸ਼ਾਨ ਸ਼ੌਕਤ ਨਾਲ ਰਹਿੰਦਾ ਸੀ) ਉਸਦੇ ਖਜ਼ਾਨੇ ਵਿਚ 8 ਕਰੋੜ ਸੋਨੇ ਦੀਆਂ ਮੋਹਰਾਂ ਸਨ। 8 ਕਰੋੜ ਸੋਨੇ ਦੀ ਮੋਹਰਾਂ ਵਿਊਪਾਰ ਵਿਚ ਅਤੇ 8 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਉਸ ਕੋਲ ਦਸ ਹਜਾਰ ਦੇ ਹਿਸਾਬ ਨਾਲ 80000 ਗਾਵਾਂ ਦੇ 8 ਬ੍ਰਿਜ ਸਨ।228।

ਉਸਦੀ ਰੇਵਤੀ ਆਦਿ 13 ਪਤਨੀਆਂ ਸਨ ਸਾਰੀਆਂ ਖੂਬਸੂਰਤ ਅਤੇ ਸਾਰੇ ਅੰਗ ਸੰਪੂਰਨ ਰਖਦੀਆਂ ਸਨ।229।

ਰੇਵਤੀ ਦੇ ਕੋਲ ਉਸਦੇ ਪਿਤਾ ਵਲੋਂ ਦਹੇਜ ਵਿਚ ਦਿਤੀਆਂ 8 ਕਰੋੜ ਸੋਨੇ ਦੀਆਂ ਮੋਹਰਾਂ ਅਤੇ ਦਸ ਦਸ ਹਜਾਰਾਂ ਵਾਲੇਆਂ ਗਾਵਾਂ ਦੇ 8 ਬਿਰਜ ਗਉਆਂ ਦੇ ਸਨ ਬਾਕੀ 12 ਇਸਤਰੀਆਂ ਕੋਲ ਪਿਤਾ ਰਾਹੀ ਦਿਤੀਆਂ ਇਕ ਇਕ ਕਰੋੜ ਸੋਨੇ ਦੀਆਂ ਮੋਹਰਾਂ ਅਤੇ ਇਕ-ਇਕ ਬਿਰਜ ਗਾਵਾਂ ਦੇ ਸਨ।230।

ਉਸ ਕਾਲ, ਉਸੇਂ ਸਮੇ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਵਿਚ ਪਧਾਰੇ। ਲੋਕ ਦਰਸ਼ਨ ਲਈ ਧਰਮ ਸਭਾ ਵਿਚ ਪਹੁੰਚੇ। ਮਹਾਂਸਤਕ ਵੀ ਆਨੰਦ ਦੀ ਤਰ੍ਹਾਂ ਭਗਵਾਨ ਦੇ ਦਰਸ਼ਨ ਲਈ ਪਹੁੰਚਿਆ ਅਤੇ ਗ੍ਰਹਿਸਥ ਧਰਮ ਸਵੀਕਾਰ ਕੀਤਾ। ਫਰਕ ਇਹੋ ਹੈ ਕਿ ਉਸਨੇ 8 ਕਰੋੜ ਮੋਹਰਾਂ ਆਦਿ ਰਖਣ ਦੀ ਮਰਿਆਦਾ ਲਈ ਰੇਵਤੀ ਆਦਿ 13 ਇਸਤਰੀਆਂ ਤੋਂ ਛੁਟ ਹੋਰ ਇਸਤਰੀਆਂ ਨਾਲ ਭੋਗ ਭੋਗਨ ਦਾ ਤਿਆਗ ਕਰ ਦਿਤਾ ਬਾਕੀ ਦੀਆਂ ਪ੍ਰਤਿਗਿਆਵਾਂ ਆਨੰਦ ਸ੍ਰਾਵਕ ਦੀ ਤਰਾਂ ਹਨ। ਉਸਨੇ ਇਹ ਵੀ ਪ੍ਰਤਿਗਿਆ ਲਈ ਕਿ ਮੈਂ

ਦੋ ਦਰੋਣ (ਦੋਣ) ਦੇ ਭਾਂਡੇ ਵਿਚ ਜਿੰਨੀਆਂ ਵੀ ਸੋਨੇ ਦੀਆਂ ਮੋਹਰਾਂ ਆਉਣਗੀਆਂ ਉਨੀਆਂ ਮੋਹਰਾਂ ਨਾਲ ਰੋਜ ਵਿਪਾਰ ਕਰਿਆ ਕਰਾਂਗਾ ।231।

ਮਹਾਂਸਤਕ ਸ੍ਰਮਣਾ ਦਾ ਉਪਾਸਕ ਬਨ ਗਿਆ, ਉਹ ਜੀਵ ਅਜੀਵ ਆਦਿ ਨੌ ਤੱਤਵਾਂ ਦਾ ਜਾਣਕਾਰ ਬਨ ਗਿਆ ।232।

ਇਸਤੋਂ ਬਾਅਦ ਸ੍ਰਮਣ ਭਗਵਾਨ ਮਹਾਂਵੀਰ ਹੋਰ ਦੇਸ਼ਾਂ ਵਿਚ ਧਰਮ-ਪ੍ਰਚਾਰ ਕਰਦੇ ਹੋਦੇ ਘੁੰਮਨ ਫਿਰਨ ਲਗੇ ।233।

ਰੇਵਤੀ ਗਾਥਾਪਤਨੀ ਇਕ ਰਾਤ, ਅਧੀ ਰਾਤ ਵੇਲੇ ਸੋਚਣ ਲਗੀ । ਮੈਂ ਇਨਾਂ 12 ਸ਼ੌਕਣਾਂ ਕਾਰਣ ਮਹਾਂਸਤਕ ਸ੍ਰਮਣਾ ਦੇ ਉਪਾਸਕ ਨਾਲ ਠੀਕ ਤਰਾਂ ਨਾਲ ਭੋਗ ਨਹੀਂ ਸਕਦੀ, ਚੰਗਾ ਹੋਵੇ ਮੈਂ ਇਨਾਂ ਸੌਕਣਾ ਨੂੰ ਮਾਰ ਦੇਵਾਂ ਅਤੇ ਇਨਾਂ ਦੀ ਇਕ ਇਕ ਕਰੋੜ ਸੋਨੇ ਦੀਆਂ ਮੋਹਰਾਂ ਅਤੇ ਬ੍ਰਿਜਾਂ ਤੇ ਕਬਜਾ ਕਰ ਲਵਾਂ, ਅਤੇ ਮਹਾਂਸ਼ਤਕ ਸ੍ਰਮਣਾ ਦੇ ਉਪਾ-ਸਕ ਨਾਲ ਇੱਛਾ ਅਨੁਸਾਰ ਭੋਗਾਂ ਦਾ ਆਨੰਦ ਲਵਾਂ" ਇਹ ਸੋਚ ਕੇ ਉਹ ਉਨਾਂ ਇਸਤਰੀਆਂ ਦੇ ਗੁਪਤ ਭੇਦ ਤੇ ਛੇਦ ਢੂੰਡਣ ਲਗੀ ।234।

ਰੇਵਤੀ ਗਾਥਾਪਤਨੀ ਨੇ ਆਪਣੀਆਂ 12 ਸੌਕਣਾ ਦੇ ਗੁਪਤ ਭੇਦ ਜਾਨ ਲਏ । 6 ਨੂੰ ਉਸਨੇ ਹਥਿਆਰ ਰਾਂਹੀ ਅਤੇ 6 ਨੂੰ ਵਿਸ਼ ਦੇਕੇ ਮਾਰ ਦਿਤਾ । ਉਨਾਂ ਦੀਆਂ ਸੋਨੇ ਦੀਆਂ ਮੋਹਰਾਂ ਤੇ ਗਾਵਾਂ ਦਾ ਬ੍ਰਿਜ਼ ਤੇ ਕਬਜਾ ਕਰ ਲਿਆ ਉਹ ਮਹਾਸ਼ਤਕ ਸ੍ਰਮਣਾ ਦੇ ਉਪਾਸਕ ਨਾਲ ਮਨ ਚਾਹੇ ਭੋਗ ਭੋਗਣ ਲਗੀ ।235।

ਰੇਵਤੀ ਗਾਥਾਪਤਨੀ ਮਾਸ ਤੇ ਸ਼ਰਾਬ ਦੇ ਰੰਗ ਵਿਚ ਡੁਬੀ ਰਹਿਣ ਲਗੀ । ਤਿੰਨ ਕਿਸਮਾਂ ਦੇ ਮਾਸਾਂ ਦੇ ਬਨੇ ਸਿੱਖਾਂ ਦੇ ਕਬਾਬ, ਤਲ ਕੇ, ਭੁਨ ਕੇ ਖਾਣ ਲਗੀ, ਮਾਸ ਦੇ ਨਾਲ ਨਾਲ ਸੂਰ, ਸੀਧੁ, ਮੇਰਕ, ਮਧੂ, ਮਧ ਆਦਿ ਅਨੇਕਾਂ ਕਿਸਮਾਂ ਦੀ ਸ਼ਰਾਬ ਸੇਵਨ ਕਰਨ ਲਗੀ ।236।

---

ਦਰੋਣ (द्रोण) ਮਗਧਦੇਸ ਦੇਸ਼ ਪੈਮਾਣਾ ਹੈ । 16 ਸੇਰ ਦਾ ਇਕ ਦਰੋਣ ਹੈ । ਮਹਾਵੀਰ ਗਣਿਤਸਾਰ ਵਿਚ ਆਖਿਆ ਗਿਆ ਹੈ—

आद्या षोडशिका तत्र कुडवः प्रस्थ आधकः ।
द्रोणो मानी ततः खारी क्रमेण चतुराहतः ।।

**ਭਾਵ**—ਸੋਡੀਕਾ (ਛਟਾਂਕ) ਕੁੜਵ, ਪ੍ਰਸਥ ਆੜਕ ਦਰੋਣ ਮਾਣੀ ਤੇ ਖਾਰੀ ਇਹ ਇਕ ਦੂਸਰੇ ਤੋਂ ਚਾਰ ਗੁਣੇ ਹਨ ਭਾਵ ਚਾਰ ਸੇਰ ਦਾ ਇਕ ਆੜਕ, 4 ਆੜਕ ਦਾ ਇਕ ਦਰੋਣ ਅਤੇ ਕੁਲ 16 ਸੇਰ ਦਾ ਇਕ ਦਰੋਣ ਹੈ ।

ਇਕ ਦਿਨ ਰਾਜ ਗ੍ਰਿਹਿ ਵਿਚ ਅਹਿੰਸਾ ਦਾ ਦਿਨ ਮਨਾਉਣ ਦੀ ਘੋਸ਼ਨਾ ਰਾਜੇ ਵਲੋਂ ਕੀਤੀ ਗਈ।237।

ਇਸਤੋਂ ਬਾਅਦ ਮਾਸ ਸ਼ਰਾਬ ਦੀ ਇਛੁਕ ਰੇਵਤੀ ਗਾਥਾਪਤਨੀ ਨੇ ਆਪਣੇ ਪੇਕਿਆਂ ਤੋਂ ਨੌਕਰ ਨੂੰ ਬੁਲਾਕੇ ਕਿਹਾ, ਹੇ ਦੇਵਤਿਆਂ ਦੇ ਪਿਆਰੇ ! ਤੂੰ ਹਰ ਰੋਜ ਮੇਰੇ ਪੇਕਿਆਂ ਦੇ ਬਿਰਜ ਤੋਂ ਦੋ ਬੱਛੜੇ ਮਾਰ ਕੇ ਲਿਆਇਆ ਕਰ ।238।

ਦਾਸ ਨੇ ਰੇਵਤੀ ਗਾਥਾਪਤਨੀ ਦੇ ਉਪਰੋਕਤ ਕਥਨ ਨੂੰ ਸਿਰ ਝੁਕਾ ਦੇ ਸਵੀਕਾਰ ਕੀਤਾ ਅਤੇ ਉਹ ਹਰ ਰੋਜ ਦੋ ਬੱਛੇ ਮਾਰ ਕੇ ਲਿਆਉਣ ਲਗਾ ।239।

ਰੇਵਤੀ ਗਾਥਾਪਤਨੀ ਉਨਾਂ ਬੱਛਿਆਂ ਦੇ ਮਾਸ ਨੂੰ ਕਬਾਬ ਆਦਿ ਭਿੰਨ-ਭਿੰਨ ਢੰਗ ਨਾਲ ਸੇਵਨ ਕਰਦੀ ਸੀ ਸਾਰਾ ਦਿਨ ਸ਼ਰਾਬ ਵਿਚ ਮਸਤ ਰਹਿੰਦੀ ਸੀ ।240।

ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਭਿੰਨ-ਭਿੰਨ ਪ੍ਰਕਾਰ ਦੇ ਵਰਤ ਨਿਯਮਾਂ ਦਾ ਪਾਲਣ ਕਰਕੇ ਧਰਮ ਰਾਂਹੀਂ ਆਤਮਾ ਨੂੰ ਪਵਿੱਤਰ ਕਰਨ ਲਗਾ। ਇਸ ਤਰਾਂ 14 ਸਾਲ ਬੀਤ ਗਏ ਉਹ ਵੀ ਆਨੰਦ ਦੀ ਤਰਾਂ ਆਪਣੇ ਬੜੇ ਪੁਤਰ ਨੂੰ ਘਰ ਦਾ ਭਾਰ ਸੰਭਾਲ ਕੇ ਪੌਸ਼ਧਸ਼ਾਲਾ (ਧਰਮ ਸਥਾਨ) ਵਿਚ ਧਰਮ-ਕਰਮ ਵਿਚ ਜਿੰਦਗੀ ਗੁਜਾਰਨ ਲਗਾ ।241।

ਉਹ ਰੇਵਤੀ ਗਾਥਾਪਤਨੀ ਮਾਸ ਤੇ ਸ਼ਰਾਬ ਵਿਚ ਪਾਗਲ ਹੋਈ ਪੋਸ਼ਧਸਾਲਾ ਵਿਚ

---

ਪਾਠ ਨੰ. 237 ਦੀ ਟਿੱਪਣੀ।

ਪੁਰਾਣੇ ਸਮੇਂ ਦੇ ਰਾਜੇ ਕਿਸੇ ਖੁਸ਼ੀ ਦੇ ਮੌਕੇ ਜਾਂ ਭਗਵਾਨ ਮਹਾਵੀਰ ਦੇ ਪਧਾਰਨ, ਕਿਸੇ ਵਿਦਵਾਨ ਮੁਨੀ ਦੇ ਸ਼ਹਿਰ ਪਹੁੰਚਣ, ਕਿਸੇ ਤੀਰਥੰਕਰ ਦੇ ਕਲਿਆਨਕ ਸਮੇਂ ਆਪਣੇ ਰਾਜ ਵਿਚ ਪਸ਼ੂਆਂ ਦੇ ਸ਼ਿਕਾਰ ਮਾਸ ਸ਼ਰਾਬ ਵੇਚਣ ਤੇ ਪਾਬੰਦੀ ਲਾ ਦਿੰਦੇ ਸਨ ਇਹ ਪਰੰਪਰਾ ਮੁਗਲਾਂ ਦੇ ਸਮੇਂ ਅਕਬਰ ਤਕ ਚਲਦੀ ਰਹੀ। ਅਜ ਕਲ ਵੀ ਸਰਕਾਰ ਮਹਾਵੀਰ ਜੈਅੰਤੀ ਤੇ ਸੰਵਤਸਰੀ ਪਰਵ ਨੂੰ ਮਾਸ ਦੀਆਂ ਦੁਕਾਨਾਂ ਬੰਦ ਕਰਵਾ ਦਿੰਦੀ ਹੈ। ਟੀਕਾਕਾਰ ਦਾ ਕਥਨ ਹੈ। अमाघातो रूढि शब्दत्वात् अमारिरित्यर्थः ।

ਇਸਤੋਂ ਛੁਟ ਕਈ ਵਾਰ ਜੰਗਲੀ ਨਸਲਾਂ ਦੇ ਜਾਨਵਰਾਂ ਦੀ ਰਖਿਆ ਜਾਂ ਪਸ਼ੂਆਂ ਦੀ ਗਿਣਤੀ ਵਧਾਉਣ ਲਈ ਮਾਸ ਤੇ ਸ਼ਿਕਾਰ ਤੇ ਪਾਬੰਦੀ ਲਾ ਦਿਤੀ ਜਾਂਦੀ ਹੈ ਕਿਉਂਕਿ ਲਗਾਤਾਰ ਜਾਨਵਰਾਂ ਨੂੰ ਮਾਰਨ ਨਾਲ ਕਈ ਜਾਨਵਰਾਂ ਦੀਆਂ ਨਸਲਾਂ ਹੀ ਦੁਨੀਆਂ ਤੋਂ ਖਤਮ ਹੋ ਗਈਆਂ ਹਨ ਭਾਰਤ ਅਤੇ ਕਈ ਵਿਦੇਸ਼ਾਂ ਵਿਚ ਹੁਣ ਵੀ ਸ਼ਿਕਾਰ ਉਪਰ ਸਾਲ ਵਿਚ ਕਈ ਮਹੀਨੇ ਪਾਬੰਦੀ ਰਹਿੰਦੀ ਹੈ।

ਪਹੁੰਚੀ, ਉਸਦੇ ਵਾਲ ਖਿਲਰੇ ਹੋਏ ਸਨ ਸਾੜੀ ਹੇਠਾਂ ਨੂੰ ਜਾ ਰਹੀ ਸੀ, ਉਹ ਉਥੇ ਪਹੁੰਚ ਕੇ ਬੜੀਆਂ ਅਦਾਵਾਂ ਤੇ ਸਿੰਗਾਰ ਵਿਖਾਉਂਦੀ ਮਹਾਂਸਤਕ ਨੂੰ ਆਖਣ ਲਗੀ "ਹੇ ਦੇਵਤਿਆਂ ਦੇ ਪਿਆਰੇ ! ਤੁਸੀਂ ਮੇਰੇ ਨਾਲ ਮਨ ਭਾਉਂਦੇ ਭੋਗ ਭੋਗ ਰਹੇ ਸੀ ਉਨਾਂ ਨੂੰ ਛਡ ਕੇ ਇਥੇ ਕੀ ਕਰਨ ਆ ਗਏ ? ਸਵਰਗ ਤੇ ਮੁਕਤੀ ਦੀ ਇਛਾ ਲਈ ਧਰਮ ਤੇ ਪੁੰਨ ਇਕਠਾ ਕਰਨ ਤੁਸੀਂ ਇਥੇ ਆਏ ਹੋ, ਪਰ ਸਵਰਗ ਤੇ ਮੋਕਸ਼ ਵਿਚ ਇਸ ਦੁਨੀਆਂ ਦੇ ਭੋਗਾਂ ਤੋਂ ਵਧ ਕੀ ਪਿਆ ਹੈ ? ।242।

ਧਰਮ ਤੇ ਪੁੰਨਾਂ ਦਾ ਫਲ ਵੀ ਇਸਤੋਂ ਵਧ ਕੀ ਹੈ ? ।243।

ਮਹਾਸ਼ਤਕ ਸ਼੍ਰਮਣਾਂ ਦੇ ਉਪਾਸਕ ਨੇ ਰੇਵਤੀ ਗਾਥਾਪਤਨੀ ਦੀਆਂ ਅਜਿਹੀਆਂ ਹਰਕਤਾਂ ਤੋਂ ਕੋਈ ਧਿਆਨ ਨਾ ਦਿਤਾ ਉਹ ਧਰਮ ਧਿਆਨ ਵਿਚ ਲਗੇ ਰਹੇ ।।244।।

ਜਦ ਰੇਵਤੀ ਗਾਥਾਪਤਨੀ ਨੇ ਦੋ ਤਿੰਨ ਵਾਰ ਸ਼੍ਰਮਣਾ ਦੇ ਉਪਾਸਕ ਮਹਾਸ਼ਤਕ ਨੂੰ ਇਸੇ ਪ੍ਰਕਾਰ ਕਿਹਾ ਫਿਰ ਵੀ ਉਹ ਮਜਬੂਤ ਰਿਹਾ ।245।

ਰੇਵਤੀ ਗਾਥਾਪਤਨੀ, ਮਹਾਸ਼ਤਕ ਸ਼੍ਰਮਣਾਂ ਦੇ ਉਪਾਸਕ ਰਾਹੀਂ ਬੇਇਜਤ ਹੋਣ ਤੇ ਜਿਥੇ ਆਈ ਸੀ ਉਧਰ ਵਾਪਿਸ ਚਲੀ ਗਈ ।246।

ਇਸਤੋਂ ਬਾਅਦ ਮਹਾਸ਼ਤਕ ਸ਼੍ਰਮਣਾ ਦਾ ਉਪਾਸਕ ਪਹਿਲੀ ਪ੍ਰਤਿਮਾ ਤੋਂ ਲੈਕੇ 11ਵੀਂ ਪ੍ਰਤਿਮਾਂ ਦੀ ਸ਼ਾਸਤਰਾਂ ਅਨੁਸਾਰ ਅਰਾਧਨਾ ਕਰਨ ਲਗਾ ।247।

ਇਸਤੋਂ ਬਾਅਦ ਘਰ ਤੱਪਸਿਆ ਕਾਰਣ ਉਸਦਾ ਸਰੀਰ ਸੁਕ ਗਿਆ, ਨਸਾਂ ਵਿਖਾਈ ਦੇਣ ਲਗ ਪਈਆਂ ।248।

ਇਕ ਦਿਨ ਅਧੀ ਰਾਤ ਦੇ ਸਮੇਂ ਧਰਮ ਜਗਰਾਤਾ ਕਰਦੇ ਸਮੇਂ ਉਸਨੂੰ ਖਿਆਲ ਆਇਆ ਕਿ ਮੇਰਾ ਸਰੀਰ ਤਪਸਿਆ ਕਾਰਣ ਸੁਕ ਗਿਆ ਹੈ ਨਸਾਂ ਦਿਖ ਰਹੀਆਂ ਹਨ ਹੁਣ ਇਹੋ ਠੀਕ ਹੈ ਕਿ ਮੈਂ ਮੌਤ ਸਮੇਂ ਕਰਨ ਵਾਲਾ ਗਿਆਨੀਆਂ ਵਾਲਾ ਮਰਨ-ਵਰਤ (ਸੰਥਾਰਾ) ਧਾਰਨ ਕਰਾਂ ਅਤੇ ਸ਼ੁਭ ਵਿਚਾਰਾਂ ਰਾਂਹੀ ਸਰੀਰ ਦਾ ਤਿਆਗ ਕਰਾਂ। ਇਹ ਸੋਚ ਕੇ ਮਹਾਸਤਕ ਨੇ ਵੀ ਆਨੰਦ ਦੀ ਤਰਾਂ ਆਖਰੀ ਸੰਥਾਰਾ ਧਾਰਣ ਕੀਤਾ। ਜਿੰਦਗੀ ਤੇ ਮੌਤ ਦੋਹਾਂ ਦੀ ਇੱਛਾ ਤੋਂ ਰਹਿਤ ਹੋਕੇ ਜਿੰਦਗੀ ਗੁਜਾਰਨ ਲਗਾ ।249।

ਸ਼ੁਭ ਅਧਿਵਸਾਯੇ (ਅਧਯਵਸਾਯੋ) ਅਗਿਆਨ ਦੇ ਖਾਤਮੇ ਤੋਂ ਬਾਅਦ ਅਵੱਧੀ ਗਿਆਨ ਪੈਦਾ ਹੋ ਗਿਆ। ਸਿਟੇ ਵਜੋਂ ਉਹ ਪੂਰਵ ਦਿਸ਼ਾ ਵਿਚ ਲਵਨ ਸਮੁੰਦਰ ਨੂੰ ਇਕ ਇਕ ਹਜਾਰ ਯੋਜਨ ਜਾਨਣ ਤੇ ਵੇਖਣ ਲਗਾ ਦੱਖਣ ਤੇ ਪਛਮ ਵਲ ਵੀ ਇਕ-ਇਕ ਹਜਾਰ

ਯੋਜਨ ਤਕ ਜਾਨਣ ਤੇ ਵੇਖਣ ਲਗਾ। ਉੱਤਰ ਦਿਸ਼ਾ ਵਲ ਚੁਲਹਿਮਵਾਨ ਪਰਵਤ ਤਕ ਵੇਖਣ ਤੇ ਜਾਣਨ ਲਗਾ। ਅਧੋਦਿਸ਼ਾ (ਪਤਾਲ) ਵਿਚ ਰਤਨ ਪ੍ਰਭਾ ਨਾਂ ਦੀ ਨਰਕ ਧਰਤੀ ਦਾ ਲੈਲਾਪਚਯੁਤ (ਨਰਕ ਦਾ ਹਿਸਾ) ਦੇਖਣ ਲਗਾ ਜਿਥੇ ਨਾਰਕੀਆਂ ਦੀ ਉਮਰ 45000 ਸਾਲ ਹੈ।250।

ਇਸਤੋਂ ਬਾਅਦ ਇਕ ਦਿਨ ਰੇਵਤੀ ਗਾਥਾਪਤਨੀ ਉਸੇ ਪ੍ਰਕਾਰ ਸ਼ਰਾਬ, ਮਾਸ ਵਿਚ ਪਾਗਲ ਹੋਈ, ਸਾੜੀ ਗਿਰਾਉਂਦੀ ਹੋਈ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਨੂੰ ਦੂਸਰੀ, ਤੀਸਰੀ ਵਾਰ ਕਾਮ-ਭੋਗ ਦੀ ਪ੍ਰਾਰਥਨਾ ਕਰਨ ਲਗੀ।251।

ਉਸ ਮਹਾਸ਼ਤਕ ਦੀ ਰੇਵਤੀ ਨਾਂ ਦੀ ਗਾਥਾਪਤਨੀ (ਸ਼ਰਾਬ ਮਾਸ ਵਿਚ ਪਾਗਲ ਹੋਈ) ਕਪੜੇ ਖਿਲਾਰਦੀ ਉਸਦੇ ਸਾਹਮਣੇ ਆਕੇ ਕਾਮ-ਵਾਸਨਾ ਅਤੇ ਸ਼ਿੰਗਾਰ ਭਰਪੂਰ ਹਰਕਤਾਂ ਕਰਨ ਲਗੀ ਰੇਵਤੀ ਦੋ ਤਿੰਨ ਵਾਰ ਕਾਮ-ਭੋਗ ਲਈ ਉਸ ਮਹਾਸਤਕ ਨੂੰ ਬੇਨਤੀ ਕਰਨ ਲਗੀ ਜਿਸ ਕਾਰਣ ਮਹਾਸ਼ਤਕ ਨੂੰ ਕਰੋਧ ਆ ਗਿਆ।252।

ਇਸਤੋਂ ਬਾਅਦ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਨੂੰ ਦੂਸਰੀ ਤੇ ਤੀਸਰੀ ਕਾਮ ਭੋਗ ਦੀ ਪ੍ਰਾਰਥਨਾ ਕਰਨ ਤੇ ਮਹਾਸਤਕ ਸ਼੍ਰਮਣਾ ਦਾ ਉਪਾਸਕ ਗੁੱਸੇ ਵਿਚ ਆ ਗਿਆ ਉਸਨੇ ਅਵਧੀ ਗਿਆਨ ਰਾਂਹੀ ਰੇਵਤੀ ਗਾਥਾਪਤਨੀ ਦਾ ਭਵਿਖ ਵੇਖ ਕੇ ਕਿਹਾ" ਤੂੰ ਸੱਤ ਦਿਨਾਂ ਦੇ ਅੰਦਰ-ਅੰਦਰ ਅਲਸ ਰੋਗ ਤੋਂ ਕਸ਼ਟ ਭੋਗਦੀ ਹੋਈ ਮਰ ਕੇ ਲੋਲੁਪਾਚਯੁਤ ਨਰਕ ਵਿਚ 84000 ਸਾਲ ਤਕ ਨਰਕ ਵਿਚ ਦੁਖ ਭੋਗੇਗੀ।253।

ਰੇਵਤੀ ਗਾਥਾਪਤਨੀ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਦੇ ਇਸ ਪ੍ਰਕਾਰ ਆਖਣ ਤੇ ਸੋਚਣ ਲਗੀ ਮਹਾਸ਼ਤਕ ਮੇਰੇ ਨਾਲ ਰੁਸ ਗਿਆ ਹੈ ਮੇਰੇ ਪ੍ਰਤੀ ਭੈੜੇ ਵਿਚਾਰ ਰਖਦਾ ਹੈ

---

ਪਾਠ ਨੰ. 253 ਦੀ ਟਿੱਪਣੀ।

ਅਲਸਕ ਰੋਗ ਵਾਰੇ ਟੀਕਾਕਾਰ ਆਖਦਾ ਹੈ ਕਿ ਇਹ ਪੇਟ ਦਰਦ ਹੈ ਇਸਦੇ ਲਛਣ ਇਸ ਪ੍ਰਕਾਰ ਹਨ।

नोर्ध्वं व्रजति नाधस्तादाहारो न च पच्चयते।
आमाशयेऽलसीभूतस्तेन सोऽलसक: स्मृप्त।।

ਅਰਥ—ਜਦੋਂ ਨਾ ਖਾਇਆ ਭੋਜਨ ਉਪਰ ਰਹਿੰਦਾ ਹੈ ਨਾ ਹੇਠਾਂ ਆਉਂਦਾ ਹੈ ਨਾ ਪਚਦਾ ਹੈ ਮੇਅਦੇ ਵਿਚ ਗਠ ਬਣ ਜਾਂਦੀ ਹੈ ਇਹੋ ਅਲਸਕ ਰੋਗ ਹੈ ਹੱਥ ਪੈਰ ਕੰਮ ਕਰਨ ਤੋਂ ਰੁਕ ਜਾਣ ਜਾਂ ਸੁਜ ਜਾਣ ਦਾ ਨਾਂ ਹੀ ਅਲਸਕ ਰੋਗ ਹੈ।

ਪਤਾ ਨਹੀਂ ਮੈਂ ਕਿਵੇਂ ਮਰਾਂਗੀ ਇਹ ਸੋਚ ਕੇ ਡਰਦੀ ਹੋਈ ਜਿਥੋਂ ਆਈ ਸੀ ਉਥੇ ਵਾਪਿਸ ਚਲੀ ਗਈ ।254।

ਰੇਵਤੀ ਗਾਥਾਪਤਨੀ ਸੱਤ ਦਿਨਾਂ ਦੇ ਅੰਦਰ-ਅੰਦਰ ਅਲਸ ਭੋਂਗ ਕਾਰਣ ਦੁਖ ਭੋਗਦੀ ਹੋਈ, ਬੇਵਸ ਹੋਕੇ ਮਰ ਗਈ ਅਤੇ ਲੋਲੁਪਾਚਯੁਤ ਨਰਕ ਵਿਚ 84000 ਸਾਲ ਦੀ ਉਮਰ ਭਗਣ ਵਾਲੀ ਨਾਰਕੀ ਦੇ ਰੂਪ ਵਿਚ ਪੈਦਾ ਹੋਈ ॥255।

ਉਸ ਕਾਲ, ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਪਧਾਰੇ । ਧਰਮ ਸਭਾ ਲਗੀ । ਲੋਕ ਧਰਮ ਦੇ ਉਪਦੇਸ਼ ਸੁਣ ਕੇ ਵਾਪਿਸ ਚਲੇ ਗਏ ।256।

ਸ਼੍ਰਮਣ ਭਗਵਾਨ ਮਹਾਵੀਰ ਨੇ ਗੋਤਮ ਇੰਦਰ ਭੂਤੀ ਨੂੰ ਕਿਹਾ ਇਸੇ ਰਾਜਗ੍ਰਹਿ ਨਗਰ ਵਿਚ ਮੇਰਾ ਚੇਲਾ ਮਹਾਸ਼ਤਕ ਸ਼੍ਰਾਵਕ ਪੋਸ਼ਧਸ਼ਾਲਾ ਵਿਚ ਸੰਲੇਖਨਾ ਰਾਹੀਂ ਭਕਤ ਪਾਨ (ਖਾਣ ਪੀਣ ਦਾ ਤਿਆਗ) ਦਾ ਤਿਆਗ ਕਰਕੇ ਮੌਤ ਦੀ ਇੱਛਾ ਨਾ ਕਰਦਾ ਹੋਇਆ ਧਰਮ ਵਿਚ ਘੁਮ ਰਿਹਾ ਹੈ ।257।

ਉਸ ਮਹਾਸ਼ਤਕ ਦੀ ਪਤਨੀ ਕਪੜੇ ਖਿਲਾਰਦੀ ਪੋਸ਼ਧਸਾਲਾ ਵਿਚ ਆਕੇ ਕਾਮ-ਭੋਗ ਦੀਆਂ ਗੱਲਾਂ ਤੇ ਕ੍ਰਿਆਵਾਂ ਕਰਨ ਲਗੀ ਉਸਦੇ ਅਜੇਹਾ ਦੋ, ਤਿੰਨ ਵਾਰ ਆਖਣ ਤੇ ਮਹਾਸ਼ਤਕ ਨੂੰ ਗੁੱਸਾ ਆ ਗਿਆ ।258।

ਰੇਵਤੀ ਰਾਹੀਂ ਦੂਸਰੀ-ਤੀਸਰੀ ਵਾਰ ਆਖਣ ਤੇ ਮਹਾਸ਼ਤਕ ਨੂੰ ਗੁੱਸਾ ਆ ਗਿਆ । ਉਸਨੇ ਅਵਧੀ ਗਿਆਨ ਰਾਹੀਂ ਰੇਵਤੀ ਦਾ ਭਵਿਖ ਵੇਖ ਉਸਦੇ ਨਰਕ ਵਿਚ ਪੈਦਾ ਹੋਣ ਦੀ ਗਲ ਆਖੀ । ਹੇ ਦੇਵਤਿਆਂ ਦੇ ਪਿਆਰੇ ! ਮੌਤ ਸਮੇਂ ਸੰਲੇਖਨਾ ਰਾਹੀ ਭੋਜਨ ਛਡਨ ਵਾਲੇ ਸ਼੍ਰਾਵਕ ਸੱਚ, ਤੱਥ ਅਤੇ ਸਦਭੁਤ ਬਚਨਾਂ ਦਾ ਪ੍ਰਯੋਗ ਨਹੀਂ ਕਰਣਾ ਚਾਹੀਦੀ ਜੋ ਚੰਗੀ ਨਾ ਹੋਵੇ ਅਤੇ ਮਨ ਨੂੰ ਬੁਰੀ ਲਗੇ ਇਸ ਲਈ ਹੇ ਗੌਤਮ ! ਤੁਸੀਂ ਉਸ ਮਹਾਸ਼ਤਕ ਸ਼੍ਰਮਣਾ ਦੇ ਉਪਾਸਕ ਕੋਲ ਜਾਵੋ ਅਤੇ ਉਸ ਨੂੰ ਆਪਣੀ ਅੰਤ ਸਮੇਂ ਕੀਤੀ ਇਹ ਭੁੱਲ ਲਈ ਆਲੋਚਨਾ ਤੇ ਪ੍ਰਾਸ਼ਚਿਤ ਲੈਣ ਲਈ ਆਖੋ ।259।

---

259 ਪਾਠ ਦੀ ਟਿੱਪਣੀ

ਮੂਲ ਪਾਠ ਵਿਚ ਤਿੰਨ ਸ਼ਬਦ ਆਏ ਹਨ

सतेहिं—सद्भिर्विद्यमानार्थे ਭਾਵ ਉਹ ਵਾਕ ਜਿਸ ਵਿਚ ਆਖੀ ਗਲ ਸਾਹਮਣੇ ਹੋਵੇ ।

तच्चहिं तथ्येस्तत्त्वरूपैर्वाऽनुपचारिकैः—ਭਾਵ ਤੱਥ ਭਰਪੂਰ ਗੱਲ ਭਾਵ ਜਿਵੇਂ ਹੋਵੇ ਉਸੇ ਪ੍ਰਕਾਰ ਆਖਣਾ ਤਾਂਗੇ ਵਾਲੇ ਨੂੰ ਉਏ ਤਾਂਗੇ ਵਾਲਾ ਆਖਣਾ ।

ਇਸਤੋਂ ਬਾਅਦ ਭਗਵਾਨ ਗੌਤਮ ਸਵਾਮੀ ਨੇ ਸ਼੍ਰਮਣ ਭਗਵਾਨ ਮਹਾਵੀਰ ਦੇ ਉਪਰੋਕਤ ਕਥਨ ਨੂੰ ਬਿਨੈ ਨਾਲ ਸਵੀਕਾਰ ਕੀਤਾ ਅਤੇ ਉਹ ਉਸੇ ਸਮੇਂ ਰਾਜਗ੍ਰਹਿ ਵਿਖੇ ਮਹਾਸ਼ਤਕ ਦੇ ਘਰ ਪਹੁੰਚੇ ।260।

ਉਸ ਸਮੇਂ ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਭਗਵਾਨ ਗੌਤਮ ਨੂੰ ਵੇਖਕੇ ਖੁਸ਼ ਹੋਇਆ ਤੇ ਉਸਨੇ ਬੰਦਨਾ ਨਮਸਕਾਰ ਕੀਤੀ । 261 ।

ਇਸ ਤੋਂ ਬਾਅਦ ਭਗਵਾਨ ਗੌਤਮ ਨੇ ਸ਼੍ਰਮਣਾਂ ਦੇ ਉਪਾਸਕ ਮਹਾਸ਼ਤਕ ਨੂੰ ਕਿਹਾ "ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਦਾ ਇਹ ਕਥਨ ਹੈ ਕਿ ਸੰਲੇਖਨਾ ਧਾਰਨ ਕਰਨ ਵਾਲੇ ਸ਼੍ਰਾਵਕ ਨੂੰ ਅਜਿਹਾ ਕੌੜਾ ਸੱਚ ਆਖਣਾ ਯੋਗ ਨਹੀਂ ਤੁਸੀਂ ਆਪਣੀ ਪਤਨੀ ਰੇਵਤੀ ਨੂੰ ਜੋ ਇਸ ਪ੍ਰਕਾਰ ਆਖਿਆ ਹੈ । (ਜਿਵੇਂ ਮਹਾਸ਼ਤਕ ਨੇ ਆਪਣੀ ਪਤਨੀ

---

ਸ੍ਰੀ ਦਸ਼ਵੈਕਾਲਿਕ ਸੂਤਰ ਵਿਚ ਵੀ ਸਾਧੂ ਨੂੰ ਕੌੜਾ ਸਚ ਆਖਣ ਦੀ ਮਨਾਹੀ ਹੈ। ਅੰਨ੍ਹੇ ਨੂੰ ਅੰਨ੍ਹਾ, ਕਾਨੇ ਨੂੰ ਕਾਣਾ ਲੰਗੜੇ ਨੂੰ ਲੰਗੜਾ ਆਖਣਾ ਇਸੇ ਪ੍ਰਕਾਰ ਦਾ ਸਚ ਹੈ ।

तीहएहिं—तिमेवोक्तं प्रकारमापन्नैर्न मात्रयाऽपि न्यूनाधिकैः—
ਭਾਵ ਜਿਵੇਂ ਆਖੇ ਉਸੇ ਪ੍ਰਕਾਰ ਹੋਵੇ ਕੋਈ ਵਧਾ ਚੜ੍ਹਾ ਕੇ ਗਲ ਨਾ ਆਖੇ ।
अनिष्टै—अवाछितै—ਅਜਿਹੀ ਗਲ ਜੋ ਕਿਸੇ ਨੂੰ ਚੰਗੀ ਨਾ ਲਗੇ ।

अकान्तै स्वरूपेणा कमनीयै—ਜੋ ਗਲ ਭੱਦੀ ਹੋਵੇ ਜਾਂ ਜੋ ਹਰ ਸੁਨਣ ਵਾਲੇ ਨੂੰ ਬੁਰੀ ਭੱਦੀ ਲਗੇ ।

अप्रियै—अप्रीतिकारकैः—ਜਿਸਨੂੰ ਸੁਣ ਕੇ ਹਰ ਆਮ ਖਾਸ ਦਾ ਮਨ ਦੁਖੀ ਹੋਵੇ ।

अमनोज्ञै—मनसा न ज्ञायन्ते नाभिलष्यन्ते वक्तुमपि यानि तैः—
ਜਿਸ ਬਚਨ ਨੂੰ ਮਨ ਬੋਲਨਾ ਨਾ ਚਾਹੁੰਦਾ ਹੋਵੇ ।

अमन आपैः—न मनसा आप्यन्ते प्राप्यन्ते चिन्तयाऽपि यानि तैः वचने चिन्तने च येषाँ मनो नोत्सहत—ਭਾਵ ਮਨ ਜਿਸਨੂੰ ਸੋਚਨਾ ਤੇ ਵਿਚਾਰਨਾ ਵੀ ਨਾ ਚਾਹੇ ।

ਉਪਰੋਕਤ ਸੱਚੀਆਂ ਗਲਾਂ ਕਾਰਨ ਹਰ ਆਮ ਤੇ ਖਾਸ ਆਦਮੀ ਨੂੰ ਮੁਸੀਬਤ ਬਣ ਸਕਦੀ ਹੈ। ਭਗਵਾਨ ਨੇ ਇਹ ਫਰਮਾਇਆ ਕਿ ਬੋਲਣ ਲਗੇ ਵੀ ਮਨੁਖ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ । ਕੌੜਾ ਸੱਚ ਜੋ ਦੇਸ਼, ਕੌਮ ਜੀਵ ਤੇ ਮਨੁਖ ਜਾਤੀ ਵਿਚ ਕਲੇਸ਼, ਦੁਖਾਂ ਲੜਾਈ ਝਗੜੇ ਦਾ ਕਾਰਨ ਬਣੇ, ਨਹੀਂ ਬੋਲਣਾ ਚਾਹੀਦਾ ।

ਨੂੰ ਦਸਿਆ ਸੀ ਕਿ ਤੂੰ ਮਰ ਕੇ ਨਰਕ ਵਿਚ ਜਾਵੇਗੀ) ਉਸ ਲਈ ਤੁਸੀਂ ਆਪਣੇ ਪਾਪ ਦੀ ਆਲੋਚਨਾ ਕਰੋ ਅਤੇ ਯੋਗ ਪ੍ਰਾਸ਼ਚਿਤ ਲਵੋ ।।262।।

ਇਸ ਤੋਂ ਬਾਅਦ ਭਗਵਾਨ ਗੌਤਮ ਦੇ ਅਜਿਹਾ ਆਖਣ ਤੇ ਮਹਾਸ਼ਤਕ ਸ਼੍ਰਮਣਾਂ ਦੇ ਉਪਾਸ਼ਕ ਨੇ ਉਨਾਂ ਦੇ ਬਚਨਾਂ ਨੂੰ ਬਿਨੈ ਪੂਰਵਕ ਸਵੀਕਾਰ ਕੀਤਾ ਅਤੇ ਯੋਗ ਪ੍ਰਾਸ਼ਚਿਤ ਲਿਆ ।263।

ਇਸ ਤੋਂ ਬਾਅਦ ਗੌਤਮ ਮਹਾਸ਼ਤਕ ਸ਼੍ਰਮਣਾਂ ਦੇ ਉਪਾਸ਼ਕ ਕੋਲੋਂ ਵਾਪਿਸ ਸ਼੍ਰਮਣ ਭਗਵਾਨ ਮਹਾਵੀਰ ਪਾਸ ਪੁਜੇ ਉਨ੍ਹਾਂ ਨੂੰ ਬੰਦਨਾ ਨਮਸਕਾਰ ਕੀਤਾ ਸੰਜਮ ਅਤੇ ਤਪ ਰਾਹੀਂ ਆਪਣੀ ਆਤਮਾ ਦੇ ਵਿਕਾਸ ਵਿਚ ਲਗ ਗਏ ।264।

ਇਸ ਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰ ਤੋਂ ਹੋਰ ਸ਼ਹਿਰਾਂ ਨੂੰ ਪਵਿਤਰ ਕਰਦੇ ਹੋਏ ਧਰਮ ਪ੍ਰਚਾਰ ਕਰਨ ਲਗੇ । 265 ।

ਇਸ ਤੋਂ ਬਾਅਦ ਮਹਾਸ਼ਤਕ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਪ੍ਰਕਾਰ ਦੇ ਸ਼ੀਲ ਵਰਤਾਂ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜ਼ਿੰਦਗੀ ਗੁਜ਼ਾਰਨ ਲਗਾ । 20 ਸਾਲ ਸ਼੍ਰਾਵਕ ਧਰਮ ਦਾ ਪਾਲਣ ਕੀਤਾ । ਇਕ ਮਹੀਨੇ ਤਕ ਸੰਲੇਖਨਾ (ਮਰਨ ਵਰਤ) ਚਲਿਆ 460 ਵਰਤ ਕੀਤੇ ਆਲੋਚਨਾ ਪ੍ਰਤਿਕਰਮਾ ਅਤੇ ਸਮਾਧੀ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਆਖਰੀ ਸਮੇਂ ਸੌਧਰਮ ਦੇਵ ਲੋਕ ਦੇ ਅਰੁਣਾ ਵਸਤਕ ਵਿਮਾਨ ਵਿਚ ਪੈਦਾ ਹੋਇਆ ਜਿਥੇ ਉਸ਼ਦੀ ਉਮਰ 4 ਪਲਯੋਪਮ ਦੀ ਹੈ ਉਥੇ ਉਹ ਮਹਾਵਿਦੇਹ ਖੇਤਰ ਵਿਚ ਪੈਦਾ ਹੋਵੇਗਾ ਅਤੇ ਸਿਧ ਗਤੀ ਪ੍ਰਾਪਤ ਕਰੇਗਾ ।

(ਇਸਤੋਂ ਬਾਅਦ ਦਾ ਵਾਰਤਾਲਾਪ ਪਹਿਲੇ ਅਧਿਐਨ ਦੇ ਸ਼੍ਰੀ ਸੁਧਰਮਾਂ-ਜੰਬੂ ਸਵਾਮੀ ਦੇ ਵਾਰਤਾਲਾਪ ਦੀ ਤਰਾਂ ਸਮਝਨਾ ਚਾਹੀਦਾ ਹੈ ।



# • ੯ •

ਇਸ ਅਧਿਐਨ ਵਿਚ ਸ੍ਰਾਵਸਤੀ ਨਗਰੀ ਨਿਵਾਸੀ ਨੰਦਨੀ-ਪਿਤਾ ਉਪਾਸਕ ਦਾ ਚਾਰਿਤਰ ਦਸਿਆ ਗਿਆ ਹੈ। ਜਾਪਦਾ ਹੈ ਇਸ ਦੇ ਜੀਵਨ ਵਿਚ ਕੋਈ ਦੁਖਦਾਈ ਘਟਨਾ ਨਹੀਂ ਹੋਈ। ਇਸ ਨੇ ਵੀ 12 ਵਰਤ ਅਤੇ ਪ੍ਰਤਿਮਾਵਾਂ ਗ੍ਰਹਿਣ ਉਪਾਸਨਾ ਕੀਤੀਆਂ ਇਹ 23ਵੇਂ ਚੋਮਾਸੇ ਵਿਚ ਭਗਵਾਨ ਮਹਾਵੀਰ ਦਾ ਉਪਾਸਕ ਬਣਿਆ। 14 ਸਾਲ ਘਰ ਰਹਿ ਕੇ, ਬੜੇ ਪੁੱਤਰ ਨੂੰ ਘਰ ਦਾ ਕੰਮ ਕਾਜ ਸੰਭਾਲ ਕੇ ਧਰਮ ਧਿਆਨ ਵਿਚ ਲੱਗਾ। ਅੰਤਮ ਸਮੇਂ ਅਰੁਣਾਵ ਵਿਮਾਨ ਵਿਚ ਪੈਦਾ ਹੋਇਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਨੌਵਾਂ ਅਧਿਐਨ

(ਨੌਵੇਂ ਅਧਿਐਨ ਦਾ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੀ ਹੈ) ਇਸ ਪ੍ਰਕਾਰ ਹੇ ਜੰਬੂ ਉਸ ਕਾਲ, ਉਸ ਸਮੇਂ, ਸ੍ਰਾਵਸ਼ਤੀ ਨਾਂ ਦੀ ਨਗਰੀ ਸੀ। ਕੋਸ਼ਟਕ ਨਾਂ ਦਾ ਚੇਤਯ ਸੀ, ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਸੇ ਨਗਰੀ ਵਿਚ ਨੰਦਨੀ ਪਿਤਾ ਦਾ ਨਾਂ ਗਾਥਾਪਤੀ ਸ਼ਾਨ ਸ਼ੋਕਤ ਨਾਲ ਰਹਿੰਦਾ ਸੀ ਉਸਦੇ ਖਜਾਨੇ ਵਿਚ 4 ਕਰੋੜ ਸੋਨੇ ਦੀਆਂ ਮੋਹਰਾਂ, 4 ਕਰੋੜ ਵਿਉਪਾਰ ਵਿਚ ਅਤੇ 4 ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ-ਦਸ ਹਜਾਰ ਦੀ ਸੰਖਿਆ ਵਾਲੇ 4 ਬ੍ਰਿਜ ਸਨ ਅਸ਼ਵਨੀ ਨਾਂ ਦੀ ਪਤਨੀ ਸੀ।266।

ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ, ਧਰਮ ਸਭਾ ਲਗੀ, ਆਨੰਦ ਦੀ ਤਰਾਂ ਨੰਦਨੀ ਪਿਤਾ ਨੇ ਵੀ ਗ੍ਰਹਿਸਥ ਧਰਮ ਅੰਗੀਕਾਰ ਕੀਤਾ, ਉਸਤੋਂ ਵਾਅਦ ਭਗਵਾਨ ਮਹਾਵੀਰ ਦੇਸ਼ਾਂ-ਵਿਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਲਈ ਲਗੇ ਤੁਰ ਪਏ।267।

ਨੰਦਨੀ ਪਿਤਾ ਵੀ ਸ਼੍ਰਮਣਾ ਦਾ ਉਪਾਸਕ ਬਣਕੇ ਜਿੰਦਗੀ ਗੁਜਾਰਨ ਲਗਾ।268।

ਇਸਤੋਂ ਬਾਅਦ ਨੰਦਨੀਪਿਤਾ ਸ੍ਰਮਣਾ ਦਾ ਉਪਾਸਕ ਬਹੁਤ ਸਮੇਂ ਤਕ ਅਨੇਕਾਂ ਪ੍ਰਕਾਰ ਸੀਲ ਤੇ ਵਰਤਾਂ ਰਾਹੀਂ ਆਤਮਾ ਨੂੰ ਪਵਿੱਤਰ ਕਰਨ ਲਗਾ। 4 ਸਾਲ ਬੀਤ ਗਏ ਉਸਨੇ ਆਨੰਦ ਦੀ ਤਰਾਂ ਬੜੇ ਪੁਤਰ ਨੂੰ ਘਰ ਦਾ ਕਮ ਕਾਜ ਸੰਭਾਲ ਕੇ ਆਪ ਪੋਸ਼ਧਸ਼ਾਲਾ ਵਿਚ 20 ਸਾਲ ਤਕ ਭਗਵਾਨ ਮਹਾਵੀਰ ਰਾਂਹੀ ਦਸੇ ਧਰਮ ਦੀ ਅਰਾਧਨਾ ਕਰਦਾ ਰਿਹਾ। ਫਰਕ ਸਿਰਫ ਇਹ ਹੈ ਕਿ ਉਹ ਮਰਕੇ ਅਰੁਣਾਵ ਵਿਮਾਨ ਵਿਚ ਪੈਦਾ ਹੋਇਆ ਉਥੇ ਉਮਰ ਭੋਗ ਕੇ ਮਹਾਵਿਦੇਹ ਖੇਤਰ ਵਿਚ ਉਹ ਜਨਮ ਲਵੇਗਾ ਫਿਰ ਸਿਧ ਬੁਧ ਮੁਕਤ ਹੋਵੇਗਾ।269।।

(ਬਾਕੀ ਇਸ ਅਧਿਐਨ ਦਾ ਆਖੀਰੀ ਹਿੱਸਾ ਵੀ ਪਹਿਲੇ ਅਧਿਐਨ ਦੀ ਤਰਾਂ ਹੈ।)

○



## • ੧੦ •

ਇਸ ਅਧਿਐਨ ਦੇ ਵਿਚ ਸ੍ਰਾਵਸਤੀ ਨਿਵਾਸੀ ਸਾਲੀਨੀਪਿਆ ਨੇ ਚਾਰਿੱਤਰ, ਵਰਤ ਗ੍ਰਹਿਣ ਕਰਨ ਅਤੇ ਪ੍ਰਤਿਮਾਵਾਂ ਦਾ ਵਿਧੀ ਅਨੁਸਾਰ ਪਾਲਨ ਕੀਤਾ। ਇਸ ਨੇ ਵੀ ਬੜੇ ਪੁੱਤਰ ਨੂੰ ਘਰ ਦਾ ਕੰਮ ਸੰਭਾਲ ਕੇ ਸੌਧਰਮ ਕਲਪ ਦੇ ਅਰੁਣਕੀਲ ਨਾਮ ਦੇ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਦੇਵਤਾ ਰੂਪ ਵਿਚ ਉਸ ਦੀ ਆਯੂ 4 ਪਲਯੋਪਮ ਹੈ। ਭਵਿੱਖ ਵਿਚ ਸਿੱਧ. ਬੁੱਧ ਮੁਕਤ ਹੋਵੇਗਾ। ਇਹ ਵੀ 23ਵੇਂ ਚੌਮਾਸੇ ਵਿਚ ਭਗਵਾਨ ਮਹਾਵੀਰ ਦਾ ਉਪਾਸਕ ਬਣਿਆ

# ਦਸਵਾਂ ਅਧਿਐਨ

(ਦਸਵੇਂ ਅਧਿਐਨ ਦਾ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰ੍ਹਾਂ ਹੀ ਹੈ।) ਸ਼੍ਰੀ ਸੁਧਰਮਾ ਸਵਾਮੀ ਫਰਮਾਂਦੇ ਹਨ, ਹੇ ਜੰਬੂ ਉਸ ਕਾਲ ਉਸ ਸਮੇ ਸ਼੍ਰਾਵਸਤੀ ਨਾਂ ਦੀ ਨਗਰੀ ਸੀ। ਕੋਸਟਕ ਨਾਂ ਦਾ ਚੇਤਯ ਸੀ। ਜਿਤਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਸ ਸ਼੍ਰਾਵਸਤੀ ਨਾਂ ਦੀ ਨਗਰੀ ਵਿਚ ਹੀ ਸਾਲੀਹੀਪਿਤਾ ਨਾਂ ਦਾ ਗਾਥਾਪਤੀ ਰਹਿੰਦਾ ਸੀ। ਉਹ ਧਨ, ਅਨਾਜ ਨਾਲ ਭਰਪੂਰ ਸੀ ਉਸ ਦੀਆਂ 4 ਕਰੋੜ ਸੋਨੇ ਦੀਆਂ ਮੋਹਰਾਂ ਖਜਾਨੇ ਵਿਚ 4 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਤੇ 4 ਕਰੋੜ ਸੋਨੇ ਦੀਆਂ ਮੋਹਰਾਂ ਘਰੇਲੂ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ-ਦਸ ਹਜਾਰ ਦੀ ਸੰਖਿਆ ਵਾਲੇ ਗਾਵਾਂ ਦੇ 4 ਬ੍ਰਿਜ ਸਨ ਫਾਲਗੁਨੀ ਨਾਂ ਦੀ ਪਤਨੀ ਸੀ।270।

ਉਸ ਸਮੇਂ ਉਸੇ ਨਗਰੀ ਵਿਚ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ, ਆਨੰਦ ਦੀ ਤਰਾਂ ਸਾਲੀਹੀਆਪਿਆ ਨੇ ਵੀ ਗ੍ਰਹਿਸਥ ਧਰਮ ਸਵੀਕਾਰ ਕੀਤਾ। ਆਨੰਦ ਦੀ ਤਰਾਂ ਬੜੇ ਪੁੱਤਰ ਨੂੰ ਘਰ ਦਾ ਕੰਮ ਕਾਜ ਸੰਭਾਲਕੇ ਭਗਵਾਨ ਮਹਾਵੀਰ ਦੇ ਧਰਮ ਦੀ ਅਰਾਧਨਾ ਕਰਨ ਲਗਾ ਫਰਕ ਸਿਰਫ ਇਹ ਹੈ ਕਿ ਇਸ ਨੇ ਵੀ ਆਨੰਦ ਦੀ ਤਰਾਂ ਉਪਾਸਕ ਦੀਆਂ 11 ਪ੍ਰਤਿਮਾਵਾਂ ਸਵੀਕਾਰ ਕੀਤੀਆਂ ਪਰ ਇਸ ਨੂੰ ਕਿਸੇ ਤਰਾਂ ਦਾ ਕਸ਼ਟ ਨਹੀਂ ਝਲਣਾ ਪਿਆ ਇਸ ਦੀ ਬਾਕੀ ਦੀਆਂ ਘਟਨਾਵਾਂ ਕਾਮਦੇਵ ਉਪਾਸਕ ਦੀ ਤਰਾਂ ਸਮਝਣੀਆਂ ਚਾਹੀਦੀਆਂ ਹਨ ਇਹ ਵੀ ਮਰ ਕੇ ਸੌਧਰਮ ਕਲਪ ਨਾਂ ਦੇ ਦੇਵ ਲੋਕ ਦੇ ਅਰੁਣਕੀਲ ਵਿਮਾਨ ਵਿਚ ਦੇਵਤਾ ਦੇ ਰੂਪ ਵਿਚ ਪੈਦਾ ਹੋਇਆ ਇਸਦੀ ਉਮਰ ਉਥੇ 4 ਪਲਯੋਪਮ ਦੀ ਹੈ ਇਹ ਵੀ ਇਥੋਂ ਮਰ ਕੇ ਮਹਾਂਵਿਦੇਹ ਖੇਤਰ ਵਿਚ ਜਨਮ ਲਵੇਗਾ ਅਤੇ ਫਿਰ ਸਿਧ ਬੁਧ ਮੁਕਤ ਹੋਵੇਗਾ।271।

ਦਸਾਂ ਸ਼੍ਰਮਣਾਂ ਦੇ ਉਪਾਸਕਾਂ ਨੇ 15ਵੇਂ ਸਾਲ ਉਪਾਸਕ ਬਨ ਕੇ ਘਰ ਦਾ ਕੰਮ ਕਾਜ ਛਡਕੇ ਧਰਮ ਸਾਧਨਾ ਕੀਤੀ ਦਸਾਂ ਦੀ ਧਰਮ ਅਰਾਧਨਾ ਦਾ ਕੁਲ ਸਮਾ 20 ਸਾਲ ਹੈ।272।

ਇਸ਼ ਪ੍ਰਕਾਰ ਹੇ ਜੰਬੂ ਸ਼੍ਰਮਣ ਭਗਵਾਨ ਮਹਾਵੀਰ ਜੋ ਹੁਣ ਮੁਕਤੀ ਨੂੰ ਪ੍ਰਾਪਤ ਹੋ ਗਏ ਹਨ ਸਤਵੇਂ ਅੰਗ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਦਾ ਇਹ ਅਰਥ ਫਰਮਾਇਆ ਹੈ।272।

●

# ਸੰਗ੍ਰਹਿ ਗਾਥਾ

(ਇਹ ਗਾਥਾਵਾਂ ਮੂਲ ਆਗਮ ਦਾ ਹਿੱਸਾ ਨਹੀਂ ਹਨ ਸਗੋਂ ਟੀਕਾਕਾਰ ਨੇ ਅਪਣੀ ਟੀਕਾ ਵਿਚ ਸ਼੍ਰੀ ਅਭੈਦੇਵ ਸੂਰੀ ਨੇ ਵਰਨਣ ਕੀਤੀਆਂ ਸਨ)।

ਵਨਿਜ ਗਰਾਮ ਵਿਚ ਇਕ ਉਪਾਸਕ, ਚੰਪਾ ਵਿਚ ਇਕ ਉਪਾਸਕ, ਬਨਾਰਸ ਵਿਚ ਦੋ ਉਪਾਸਕ, ਕਪਿੱਲਪੁਰ ਵਿਚ ਇਕ ਉਪਾਸਕ, ਪੋਲਾਸਪੁਰ ਵਿਚ ਇਕ ਉਪਾਸਕ, ਰਾਜ ਗ੍ਰਹਿ ਵਿਚ ਇਕ ਅਤੇ ਸ਼੍ਰਾਵਸਤੀ ਨਗਰੀ ਵਿਚ ਦੋ ਉਪਾਸਕ ਪੈਦਾ ਹੋਏ।

ਪਹਿਲੇ ਦੀ ਪਤਨੀ ਦਾ ਨਾਂ ਸਿਵਨੰਦਾ, ਦੂਸਰੇ ਦੀ ਪਤਨੀ ਦਾ ਨਾਂ ਭਦਰਾ, ਤੀਸਰੇ ਦੀ ਪਤਨੀ ਦਾ ਨਾਂ ਸਿਆਮਾ, ਚੌਥੀ ਦੀ ਪਤਨੀ ਦਾ ਨਾਂ ਧੰਨਾ, ਪੰਜਵੀਂ ਦੀ ਪਤਨੀ ਦਾ ਬਹੁਲਾ, ਛੇਵੀਂ ਪਤਨੀ ਦਾ ਨਾਂ ਪੁਸ਼ਪਾ, ਸਤਵੇਂ ਦੀ ਪਤਨੀ ਦਾ ਨਾਂ ਅਗਨੀਮਿਤਰਾ, ਅਠਵੇਂ ਦੀ ਰੇਵਤੀ ਨਾਂ ਦੀ 13 ਪਤਨੀਆਂ, ਨੌਵੇਂ ਦੀ ਪਤਨੀ ਦਾ ਨਾਂ ਅਸ਼ਵਨੀ ਤੇ ਦਸਵੇਂ ਦੀ ਪਤਨੀ ਦਾ ਨਾਂ ਫਾਲਗੁਣੀ ਸੀ।

ਪਹਿਲੇ ਦੇ ਜੀਵਨ ਦੀ ਵਿਸ਼ੇਸ਼ ਘਟਨਾ ਅਵਧੀ ਗਿਆਨ ਦੀ ਘਟਨਾ ਤੇ ਗੌਤਮ ਦੀ ਸੰਕਾ, ਦੂਸਰੇ ਦੀ ਪਿਸ਼ਾਚ ਦਾ ਉਪਦ੍ਰਵ, ਤੀਸਰੇ ਦੀ ਪਿਸ਼ਾਚ ਰਾਹੀਂ ਮਾਂ ਦੇ ਕਤਲ ਦੀ ਧਮਕੀ ਤੇ ਡੋਲਨਾਂ ਚੌਥੇ ਦੀ ਪਿਸਾਚ ਰਾਹੀਂ 16 ਰੋਗ ਪੈਦਾ ਕਰਨ ਦੀ ਧਮਕੀ ਤੇ ਡੋਲਨਾ, ਪੰਜਵੇਂ ਦੀ ਸੰਪਤੀ ਵਿਖੇਰਨ ਦੀ ਘਟਨਾਂ ਤੋਂ ਡਰਨਾ, ਛੇਵੀਂ ਦਾ ਦੇਵਤੇ ਰਾਂਹੀ ਅੰਗੂਠੀ ਤੇ ਦੁਪਟਾ ਚੁਕ ਕੇ ਗੋਸਾਲਕ ਦੇ ਮਤ ਦੀ ਪ੍ਰਸੰਸਾ ਕਰਨਾ ਤੇ ਦੇਵਤੇ ਨੂੰ ਲਾਜੁਆਵ ਕਰਨਾ, ਸਤਵੇਂ ਦੀ ਪਤਨੀ ਰਾਹੀਂ ਉਸਨੂੰ ਧਰਮ ਵਿਚ ਸਥਿਰ ਕਰਨਾ, ਅਠਵੇਂ ਦੀ ਰੇਵਤੀ ਦਾ ਉਪਦਰਵ, ਨੌਵੇਂ ਤੇ ਦਸਵੇਂ ਦੇ ਜੀਵਨ ਦੀ ਕੋਈ ਘਟਨਾ ਨਹੀਂ।

ਪਹਿਲਾ ਅਰੁਣ, ਦੂਸਰਾ ਅਰੁਣਾਵ, ਤੀਸਰਾ ਅਰੁਣਪ੍ਰਭ ਚੌਥਾ ਅਰੁਣਕਾਤ ਪੰਜਵਾਂ ਅਰੁਣਸ਼ਰੇਸਟ, ਛੇਵਾਂ ਅਰੁਣਧਵੰਜ, ਸਤਵਾਂ ਅਰੁਣਭੂਤ, ਅਠਵਾਂ ਅਰੁਣਾਵਤਸਕ, ਨੌਵਾਂ ਅਰੁਣਾਗਵ ਅਤੇ ਦਸਵਾਂ ਅਰੁਣਕੀਲ ਨਾਮਕ ਦੇਵ ਵਿਮਾਨਾਂ ਵਿਚ ਦੇਵਤੇ ਦੇ ਰੂਪ ਵਿਚ ਪੈਦਾ ਹੋਏ ਸਨ।

ਪਹਿਲੇ ਦੇ ਗਾਵਾਂ ਦੇ 4 ਬਿਰਜ, ਦੂਸਰੇ ਦੇ 6 ਬਿਰਜ, ਤੀਸਰੇ ਦੇ ਅਠ ਬ੍ਰਿਜ, ਚੌਥੇ ਦੇ 6 ਬ੍ਰਿਜ, ਪੰਜਵੇਂ ਦੇ 6 ਬ੍ਰਿਜ, ਛੇਵੇਂ ਦੇ 6 ਬ੍ਰਿਜ, ਸਤਵੇਂ ਦੇ 6 ਬ੍ਰਿਜ, ਅਠਵੇਂ ਦੇ 8 ਬਿਰਜ, ਨੌਵੇਂ ਦੇ 4 ਬ੍ਰਿਜ, ਤੇ ਦਸਵੇਂ ਦੇ 4 ਬ੍ਰਿਜ ਸਨ ਪਹਿਲੇ ਕੋਲ 12 ਕਰੋੜ,

ਦੂਸਰੇ ਕੋਲ 18 ਕਰੋੜ, ਤੀਸਰੇ ਕੋਲ 24 ਕਰੋੜ, ਚੌਥੇ ਕੋਲ 18 ਕਰੋੜ, ਪੰਜਵੇਂ ਕੋਲ 18 ਕਰੋੜ, 6ਵੇਂ ਕੋਲ 18 ਕਰੋੜ, ਸਤਵੇਂ ਕੋਲ 3 ਕਰੋੜ, ਅਠਵੇਂ ਕੋਲ 20 ਕਰੋੜ, ਰੇਵਤੀ ਕੋਲ 8 ਕਰੋਡ, ਨੌਵੇਂ ਕੋਲ 12 ਕਰੋੜ ਤੇ ਦਸਵੇਂ ਕੋਲ 12 ਕਰੋੜ ਸੋਨੇ ਦੀਆਂ ਮੋਹਰਾਂ ਸਨ ।

ਸਾਰੇ ਉਪਾਸਕਾਂ ਨੇ ਇਸਨਾਨ, ਦਾਤੁਨ, ਫੁੱਲ ਮਾਲਿਸ਼ ਦੇ ਤੇਲ, ਬਟਨਾ, ਇਸ਼ਨਾਨ ਦੀ ਸੰਖਿਆ, ਕਪੜੇ ਸੁਗੰਧਿਤ ਲੇਪ, ਫੂਲ, ਜੇਵਰ ਧੂਪ, ਪੀਣ ਦੀਆਂ ਚੀਜ਼ਾਂ, ਖਾਣ ਦੀਆਂ ਚੀਜ਼ਾਂ, ਚੌਲ, ਸ਼ੁਧ ਘੀ, ਸਾਗ ਮਿਠਾ ਭੋਜਨ ਬਨਾਉਣ ਵਾਲੀਆਂ ਜੇਮਣ, ਖਾਣ ਅਤੇ ਪੀਣ ਦੀ ਸੰਖਿਆ ਨਿਰਧਾਰਿਤ ਕੀਤੀ । ਦੋ ਸ਼੍ਰਾਵਕਾਂ ਨੂੰ ਅਵਧਿਗਿਆਨ ਪ੍ਰਾਪਤ ਹੋਇਆ ਅਤੇ ਭਿੰਨ-ਭਿੰਨ ਦਿਸ਼ਾਵਾਂ ਵੇਖਣ ਲਗੇ ।

ਪੂਰਵਦਿਸ਼ਾ—ਲਵਨ ਸਮੁਦਰ ਵਿਚ 500 ਯੋਜਨ ਤੱਕ ਇਸੇ ਪ੍ਰਕਾਰ ਦਖਣ ਤੇ ਪਛਮ ਤਕ ।


ਉਤਰਦਿਸਾ—ਚੁਲ ਹਿਮਵਾਨ ਪਰਵਤ ਤਕ ।

ਉਰਧਵਦਿਸ਼ਾ—ਸੋਧਰਮ ਦੇਵਲੋਕ ਵਿਚ ਸੋਧਰਮ ਕਲਪ ਵਿਮਾਨ ਤਕ ।

ਅਧੋਦਿਸ਼ਾ—ਪਹਿਲੀ ਰਤਨ ਪ੍ਰਭਾ ਨਾਂ ਦੀ ਨਰਕ ਦਾ ਲੋਲਪਾਚਯੁਤ ਨਾਂ ਦੀ ਜਗ੍ਹਾ ਜਿਥੇ 89000 ਉਮਰ ਵਾਰੇ ਨਾਰਕੀ ਜੀਵ ਰਹਿੰਦੇ ਹਨ । ਮਹਾਸ਼ਤਕ ਨੇ ਤਿਨ ਦਿਸਾਵਾਂ ਵੱਲ 1500, 1500 ਯੋਜਨ ਤਕ ਅਵਧੀ ਗਿਆਨ ਰਾਹੀਂ ਵੇਖਿਆ ਤੇ ਜਾਣਿਆ ।

ਹਰ ਸ਼੍ਰਾਵਕ ਨੇ 11 ਪ੍ਰਤਿਮਾਵਾਂ ਗ੍ਰਹਿਣ ਕੀਤੀਆਂ ਨਾਂ ਇਸ ਪ੍ਰਕਾਰ ਹਨ ।

1. ਦਰਸਨ, 2. ਵਰਤ, 3. ਸਮਾਇਕ, 4. ਪੋਸ਼ਧ, 5. ਦਿਵਾ ਬ੍ਰਹਮਚਾਰੀ, 6. ਬ੍ਰਹਮਚਰਜ, 7. ਸਚਿਤ ਪਰਿਤਿਆਗ, 8. ਆਰੰਭ ਪਰਿਤਿਆਗ, 9. ਪ੍ਰੇਮਜ, 10. ਉਦਿਸ਼ਟ ਭੋਜਨ ਪਰਿਤਿਆਗ, 11. ਸ਼੍ਰਮਣ ਭੂਤ ।



## ਸ਼੍ਰੀ ਉਪਾਸਕਦਸ਼ਾਂਗ ਵਿਚ ਆਏ

# ਮਹਾਪੁਰਸ਼ਾਂ ਦੀ ਜਾਨਕਾਰੀ

**ਜੰਬੂ ਸਵਾਮੀ**—ਆਪ ਦਾ ਜਨਮ ਰਾਜਗ੍ਰਹਿ ਨਗਰ ਵਿਖੇ ਹੋਇਆ। ਆਪ 64 ਕਰੋੜ ਦਾ ਦਹੇਜ ਅਤੇ 8 ਪਤਨੀਆਂ ਨੂੰ ਛਡ ਕੇ ਭਗਵਾਨ ਮਹਾਵੀਰ ਦੇ ਸਿਸ਼ ਸੁਧਰਮਾ ਸਵਾਮੀ ਪਾਸ ਸਾਧੂ ਬਣੇ। ਆਪ ਆਖਰੀ ਕੇਵਲ-ਗਿਆਨੀ ਸਨ। ਅੱਜ ਸਾਰਾ ਜੈਨ ਸਾਹਿਤ ਸੁਧਰਮਾ ਦੇ ਉੱਤਰ ਅਤੇ ਜੰਬੂ ਸਵਾਮੀ ਦੇ ਪ੍ਰਸ਼ਨਾਂ ਦਾ ਸਿੱਟਾ ਹੈ। ਜੰਬੂ ਸਵਾਮੀ ਦੇ ਮਨ ਵਿਚ ਇੱਛਾ ਜਾਗਦੀ ਹੈ ਅਤੇ ਸੁਧਰਮਾਂ ਸਵਾਮੀ ਜੰਬੂ ਸਵਾਮੀ ਨੂੰ ਉਸੇ ਪ੍ਰਕਾਰ ਦਸਦੇ ਹਨ ਜਿਵੇਂ ਉਹਨਾਂ ਭਗਵਾਨ ਮਹਾਵੀਰ ਤੋਂ ਸੁਣਿਆ ਸੀ। ਸੁਧਰਮਾ ਸਵਾਮੀ ਅਤੇ ਜੰਬੂ ਸਵਾਮੀ ਦਾ ਜੈਨ ਸਾਹਿਤ ਵਿਚ ਉਹ ਹੀ ਸਥਾਨ ਹੈ ਜੋ ਗੀਤਾ ਵਿਚ ਸ਼੍ਰੀ ਕ੍ਰਿਸ਼ਨ ਅਤੇ ਅਰਜੁਨ ਜੀ ਦਾ ਹੈ। ਜਬੂੰ ਸਵਾਮੀ ਦਾ ਤੱਪ ਅਤੇ ਤਿਆਗ ਮਹਾਨ ਹੈ।

**ਮਹਾਵੀਰ ਸਵਾਮੀ**—ਸ਼੍ਰਮਣ, ਮਹਾਵੀਰ ਤੇ ਵਰਧਮਾਨ, ਇਹ ਤਿਨ ਨਾਂ 24 ਵੇਂ ਤੀਰਥੰਕਰ ਦੇ ਹਨ ਆਪ ਦਾ ਜਨਮ 599 ਈ. ਪੂ. ਖਤਰੀ ਕੁੰਡ ਗਰਾਮ ਦੇ ਰਾਜਾ ਸਿਧਾਰਥ ਦੇ ਘਰ ਹੋਇਆ, ਆਪ ਦੀ ਮਾਂ ਮਹਾਰਾਣੀ ਤ੍ਰਿਸ਼ਲਾ ਸੀ। ਜੋ ਵੇਸ਼ਾਲੀ ਗਣਤੰਤਰ ਦੇ ਰਾਜ਼ਾ ਚੇਟਕ ਦੀ ਪੁਤਰੀ ਸੀ। ਉਸ ਸਮੇਂ ਦੇ ਭਾਰਤ ਦੇ 8 ਬੜੇ ਰਾਜਾ ਆਪ ਦੇ ਰਿਸ਼ਤੇਦਾਰ ਸਨ। 30 ਸਾਲ ਦੀ ਉਮਰ ਵਿਚ ਘਰ ਛਡ ਕੇ ਤਪਸਿਆ ਲਈ ਤੁਰ ਪਏ। 12 ਸਾਲ ਦੀ ਕਠੋਰ ਸਾਧਨਾ ਵਿਚ ਸੱਚਾ ਕੇਵਲ ਗਿਆਨ ਪ੍ਰਾਪਤ ਕਰਕੇ ਅਰਿਹੰਤ ਅਤੇ ਤੀਰਥੰਕਰ ਅਖਵਾਏ। ਆਪਨੇ ਅਪਣੇ ਸਮੇਂ ਫੈਲੇ ਵੈਦਿਕ ਅੰਧ ਵਿਸ਼ਵਾਸ, ਬਲੀ ਪ੍ਰਥਾ, ਜਾਤਪਾਤ, ਯੱਗ ਆਦਿ ਕ੍ਰਿਆ ਕਾਂਡਾਂ ਵਿਰੁਧ ਅਵਾਜ ਉਠਾਈ। ਇਸਤਰੀਆਂ ਅਤੇ ਛੋਟੀ ਜਾਤ ਦੇ ਲੋਕਾਂ ਨੂੰ ਬਰਾਬਰ ਦਾ ਦਰਜਾ ਦਿਤਾ। ਆਪਨੇ ਅਹਿੰਸਾ, ਅਪਰਿਗ੍ਰਹਵਾਦ ਅਤੇ ਅਨੇਕਾਂਤਵਾਦ ਆਦਿ ਸਿਧਾਂਤਾਂ ਦੀ ਸੂਖਮ ਵਿਆਖਿਆ ਦਿਤੀ। ਆਪ ਦੇ ਸਾਧੂਆਂ ਦੀ ਗਿਣਤੀ 14 ਹਜਾਰ ਸ਼ੀ ਅਤੇ ਸਾਧਵੀਆਂ ਦੀ ਗਿਣਤੀ 36000 ਸੀ 42 ਸਾਲ ਦੀ ਅਵਸਥਾ ਵਿਚ ਕੇਵਲ-ਗਿਆਨ ਪ੍ਰਾਪਤ ਕੀਤਾ। 72 ਸਾਲ ਦੀ ਉਮਰ ਵਿਚ ਆਪਨੇ ਪਾਵਾਪੁਰੀ ਵਿਖੇ ਦੀਵਾਲੀ ਵਾਲੇ ਦਿਨ ਮੁਕਤੀ ਪ੍ਰਾਪਤ ਕੀਤੀ। ਆਪ ਵਾਰੇ ਉੱਝ ਤੇ 45 ਆਗਮਾਂ ਵਿਚ ਹੀ ਸੰਪੂਰਨ ਵਿਆਖਿਆ ਭਰੀ ਪਈ ਹੈ। ਪਰ ਆਪਦਾ ਜੀਵਨ ਕਲਪ

ਸੂਤਰ, ਆਵਸ਼ਕ ਨਿਊਰਕਤੀ, ਆਵਸ਼ਕ ਚੂਰਣੀ ਅਤੇ ਤਰੇਸ਼ਠ ਪੁਰਸ਼ ਸ਼ਲਾਕਾ ਚਾਰਿਤਰ ਵਿਚ ਸਿਲਸਿਲੇਵਾਰ ਨਾਲ ਮਿਲਦਾ ਹੈ ।

ਆਪ ਦੀ ਤੱਪਸਿਆ ਵਾਰੇ ਸ਼ਾਸਤਰਕਾਰਾਂ ਦਾ ਕਥਨ ਹੈ ਕਿ "23 ਤੀਰਥੰਕਰਾਂ ਦਾ ਤੱਪ ਇਕ ਪਾਸੇ ਰੱਖ ਦਿਉ, ਅਤੇ ਇਕਲੇ ਮਹਾਵੀਰ ਦਾ ਤੱਪ ਇੱਕ ਪਾਸੇ, ਤਾਂ ਵੀ ਭਗਵਾਨ ਮਹਾਵੀਰ ਦੇ ਤੱਪ ਦਾ ਪਲੜਾ ਭਾਰੀ ਹੈ ।

**ਆਨੰਦ**— (ਵੇਖੋ ਪਹਿਲਾ ਅਧਿਐਨ) ਇਸ ਨੇ ਭਗਵਾਨ ਮਹਾਵੀਰ ਤੋਂ ਵਿਧੀ ਸਹਿਤ ਵਰਤ ਗ੍ਰਹਿਣ ਕੀਤੇ ।

**ਸ਼ਿਵਾਨੰਦਾ**—ਇਹ ਆਨੰਦ ਉਪਾਸ਼ਕ ਦੀ ਧਰਮ ਪਤਨੀ ਸੀ । ਬੜੀ ਸੋਹਣੀ ਸਮਝ ਦੀ ਮਾਲਿਕ ਸੀ ਇਸ ਨੇ ਵੀ ਭਗਵਾਨ ਮਹਾਵੀਰ ਪਾਸੋਂ ਸ਼੍ਰਾਵਿਕਾ ਦੇ 12 ਵਰਤਾਂ ਨੂੰ ਧਾਰਣ ਕੀਤਾ । ਬੜੀ ਸ਼ਰਧਾ ਨਾਲ ਭਗਵਾਨ ਦੇ ਦਰਬਾਰ ਵਿਚ ਆਨੰਦ ਤੋਂ ਪਿਛੋਂ ਪਹੁੰਚੀ ਸੀ ।

**ਕੋਣਿਕ**—ਇਹ ਮਗਧ ਸਮਰਾਟ ਸ਼੍ਰੇਣਿਕ (ਬਿੰਬਸਾਰ) ਦਾ ਪੁਤਰ ਸੀ । ਪਿਤਾ ਨੂੰ ਕੈਦ ਕਰਕੇ ਗੱਦੀ ਤੇ ਬੈਠਾ ਸੀ । ਬੁੱਧ ਸਾਹਿਤ ਨੇ ਇਸ ਦਾ ਨਾਂ ਅਜਾਤਸ਼ਤਰੂ ਆਖਿਆ ਹੈ । ਇਸ ਨੇ ਹੀ ਵੈਸ਼ਾਲੀ ਗਣਤੰਤਰ ਦਾ ਵਿਨਾਸ਼ ਕੀਤਾ ਸੀ । ਇਹ ਸ਼੍ਰਮਣ ਭਗਵਾਨ ਮਹਾਵੀਰ ਦਾ ਬਹੁਤ ਭਗਤ ਸੀ । ਜਦ ਵੀ ਭਗਵਾਨ ਰਾਜਗ੍ਰਹਿ ਆਉਂਦੇ, ਇਹ ਅਪਣੀ ਚਾਰ ਪ੍ਰਕਾਰ ਦੀ ਸੈਨਾ ਲੈਕੇ ਦਰਸ਼ਨ ਕਰਨ ਜ਼ਰੂਰ ਆਉਂਦਾ ।

**ਜੇਠਪੁਤੇ**—ਆਨੰਦ ਉਪਾਸ਼ਕ ਦਾ ਬੜਾ ਪੁਤਰ, ਪਰ ਇਸ ਦਾ ਨਾਂ ਸੂਤਰ ਵਿਚ ਨਹੀਂ ਆਇਆ ।

**ਪੂਰਣਸੇਠ**—ਇਹ ਵਿਦਵਾਨ ਸ਼੍ਰਾਵਕ ਸੀ । ਇਸ ਦਾ ਵਰਨਣ ਸ਼੍ਰੀ ਭਗਵਤੀ ਸੂਤਰ ਵਿਚ ਆਇਆ ਹੈ । ਇਹ ਵੀ ਅਪਣੇ ਬੜੇ ਪੁੱਤਰ ਨੂੰ ਘਰ ਦਾ ਭਾਰ ਸੰਭਾਲ ਕੇ ਸ੍ਰਾਵਕ ਧਰਮ ਦਾ ਪਾਲਨ ਕਰਨ ਲਗਾ ।

**ਗੌਤਮ ਸਵਾਮੀ** — ਆਪ ਵਾਰੇ ਪਹਿਲੇ ਅਧਿਐਨ ਵਿਚ ਪੂਰਾ ਵਰਨਣ ਹੈ । ਆਪ ਦਾ ਜਨਮ ਗੋਬਰ ਨਾਂ ਦੇ ਪਿੰਡ ਵਿਚ ਬ੍ਰਿਜ ਮਾਂ ਦੀ ਕੁਖੋ ਹੋਇਆ । ਆਪ ਦਾ ਪੂਰਾ ਨਾਂ ਇੰਦਰਭੂਤੀ ਸੀ ਆਪ 500 ਚੇਲਿਆਂ ਦੇ ਗੁਰੂ ਸਨ ਆਪ ਵੇਦ, ਵੇਦਾਂਗ ਦੇ ਪ੍ਰਕਾਂਡ ਪੰਡਿਤ ਸਨ । ਭਗਵਾਨ ਮਹਾਵੀਰ ਤੋਂ 8 ਸਾਲ ਬੜੇ ਸਨ । ਜਦੋਂ ਭਗਵਾਨ ਮਹਾਵੀਰ ਕੇਵਲ-ਗਿਆਨ ਪ੍ਰਾਪਤ ਕਰਕੇ ਪਾਵਾਪੁਰੀ ਨਗਰੀ ਪਹੁੰਚੇ ਤਾਂ ਗੌਤਮ ਇੰਦਰ ਭੂਤੀ ਅਪਣੇ ਸਾਥੀ 4400 ਬ੍ਰਾਹਮਣ ਨਾਲ ਸੋਮਿਲ ਬ੍ਰਾਹਮਣ ਦੀ ਯੱਗ ਸ਼ਾਲਾ ਵਿਚ ਯੱਗ ਕਰ ਰਿਹਾ ਸੀ ।

ਆਪਨੂੰ ਆਤਮਾ ਦੀ ਹੋਂਦ ਜਾਂ ਅਣਹੋਂਦ ਵਾਰੇ ਸ਼ਕ ਸੀ। ਭਗਵਾਨ ਮਹਾਵੀਰ ਆਪਦਾ ਸ਼ਕ ਦੂਰ ਕੀਤਾ। ਆਪਨੂੰ ਮਹਾਵੀਰ ਪ੍ਰਤਿ ਬੇਹੱਦ ਪ੍ਰੇਮ ਸੀ। ਭਗਵਾਨ ਮਹਾਵੀਰ ਨੇ ਆਪ ਦੀ ਹਰ ਸੰਕਾ ਦੂਰ ਕੀਤੀ। ਆਪ ਗਨਧਰਾਂ ਵਿਚ ਪਹਿਲੇ ਗਨਧਰ ਸਨ। ਆਪ ਸਰਲ ਅਤੇ ਸਾਂਤ, ਸੁਭਾਅ ਦੇ ਸਾਂਤ ਸਨ ਆਪਨੂੰ ਭਗਵਾਨ ਮਹਾਵੀਰ ਨਾਲ ਅਥਾਹ ਪਿਆਰ ਸੀ ਭਗਵਾਨ ਮਹਾਵੀਰ ਦੇ ਪ੍ਰੇਮ ਦਾ ਮੋਹ ਇਨ੍ਹਾਂ ਨੂੰ ਕੇਵਲ ਗਿਆਨੀ ਨਹੀਂ ਸੀ ਬਨਣ ਦਿੱਤਾ। ਭਗਵਾਨ ਮਹਾਵੀਰ ਇਸ ਕਮਜੋਰੀ ਨੂੰ ਸਮਝਦੇ ਸਨ। ਉਹਨਾਂ ਅਪਣੇ ਨਿਰਵਾਨ ਸਮੇ ਗੌਤਮ ਸਵਾਮੀ ਨੂੰ ਕਿਸੇ ਲਾਗਲੇ ਪਿੰਡ ਭੇਜ ਦਿਤਾ ਤਾਕਿ "ਇਹ ਮੌਤ ਦਾ ਗ਼ਮ ਨਾ ਕਰੇ" ਪਰ ਇਹੋ ਗਮ ਵਿਚ ਆਪ ਨੇ ਸੱਚਾ ਕੇਵਲ ਗਿਆਨ ਪ੍ਰਾਪਤ ਕਰ ਲਿਆ। ਆਪ ਅਤਿਅੰਤ ਨਰਮ ਸਨ 4 ਗਿਆਨ ਦੇ ਧਾਰਕ ਹੋਕੇ ਵੀ ਆਨੰਦ ਜੇਹੇ ਮਾਮੂਲੀ ਸ਼੍ਰਾਵਕ ਤੋਂ ਆਪ ਮੁਆਫੀ ਮੰਗਣ ਗਏ, ਜੋ ਆਪ ਦੀ ਮਹਾਨਤਾ ਨੂੰ ਚਾਰ ਚੰਦ ਲਗਾਉਂਦੀ ਹੈ। ਆਪ ਵਾਰੇ ਵਿਸੇਸਕ ਭਾਸ਼ਯ ਨਾਮਕ ਗ੍ਰੰਥ ਵਿਚ ਕਾਫੀ ਵਿਸਥਾਰ ਨਾਲ ਆਉਂਦਾ ਹੈ। ਭਗਵਾਨ ਮਹਾਵੀਰ ਦੇ ਨਿਰਵਾਨ ਤੋਂ ਵਾਅਦ ਸੱਮੁਚੇ ਸੰਘ ਦੀ ਵਾਗਡੋਰ ਆਪ ਦੇ ਹੱਥ ਆ ਗਈ।

**ਕਾਮਦੇਵ**—(2) ਵੇਖੋ ਦੂਸਰਾ ਅਧਿਐਨ।

**ਭੱਦਰਾ**—(2) ਕਾਮਦੇਵ ਦੀ ਪਤਨੀ ਦਾ ਨਾਂ ਹੈ ਇਸ ਵਾਰੇ ਹੋਰ ਵਿਆਖਿਆ ਪ੍ਰਾਪਤ ਨਹੀਂ ਹੁੰਦੀ।

**ਇੱਕ ਦੇਵ**—(2) ਇਸਦਾ ਨਾਂ ਪ੍ਰਾਪਤ ਨਹੀਂ, ਪਰ ਸ਼ਕਦਰ ਦੇਵਤਾ ਰਾਹੀ ਕਾਮ ਦੇਵ ਸ਼੍ਰਾਵਕ ਦੀ ਪ੍ਰੀਖਿਆ ਲੈਣ ਆਇਆ ਕਈ ਪ੍ਰਕਾਰ ਦੇ ਕਸ਼ਟ ਦਿਤੇ ਪਰ ਸ਼੍ਰਾਵਕ ਅਡੋਲ ਰਿਹਾ। ਆਖਰ ਵਿਚ ਸ਼੍ਰਾਵਕ ਤੋਂ ਮੁਆਫੀ ਮੰਗ ਕੇ ਅਪਣੀ ਜਗਾ ਤੇ ਵਾਪਿਸ ਹੋ ਗਿਆ।

**ਸ਼ਕਦਰ**—(2) ਇਸ ਵਾਰੇ ਦੂਸਰੇ ਅਧਿਐਨ ਵਿਚ ਵਿਸਥਾਰ ਨਾਲ ਟੀਕਾਕਾਰ ਅਭੈਦੇਵ ਸੂਰੀ ਦਾ ਮੱਤ ਦਸ ਦਿੱਤਾ ਗਿਆ ਹੈ।

**ਸ਼ੰਖ**—(2) ਇਸ ਸ੍ਰਾਵਕ ਦਾ ਵਰਨਣ ਸ਼੍ਰੀ ਭਗਵਤੀ ਸੂਤਰ ਵਿਚ ਵਿਸਥਾਰ ਨਾਲ ਮਿਲਦਾ ਹੈ। ਇਹ ਸ਼੍ਰਾਵਕ ਤੱਤਵ ਗਿਆਨ ਦਾ ਮਹਾਨ ਜਾਨਕਾਰ ਸੀ ਇਸ ਨੇ ਭਗਵਤੀ ਸੂਤਰ ਵਿਚ ਭਗਵਾਨ ਮਹਾਵੀਰ ਤੋਂ ਧਾਰਮਿਕ ਜਾਗਰਣ ਦੀ ਵਿਆਖਿਆ ਪੁੱਛੀ ਹੈ।

**ਚੁਲਨੀਪਿਤਾ**—(3) ਇਸ ਵਾਰੇ ਵਰਨਣ ਲਈ ਤੀਸਰਾ ਅਧਿਐਨ ਵੇਖੋ।

**ਸ਼ਿਆਮਾ** (3) ਚੁਲਨੀਪਿਤਾ ਦੀ ਧਰਮਪਤਨੀ ਇਸ ਸੰਖੇਪ ਵਰਨਣ ਮਿਲਦਾ ਹੈ।

**ਪਿਸ਼ਾਚ**—(3) ਇਸ ਦੇਵ ਦਾ ਕੋਈ ਨਾਂ ਨਹੀਂ ਮਿਲਦਾ, ਇਸਨੇ ਚੁਲਨੀ ਪਿਤਾ ਨੂੰ ਧਰਮ ਤੋਂ ਗਿਰਾਉਣ ਲਈ ਬਹੁਤ ਤਸੀਹੇ ਦਿਤੇ।

**ਭਦਰਾ**—(3) ਇਹ ਚੁਲਨੀਪਿਤਾ ਦੀ ਮਾਂ ਸੀ ਜੋ ਮਹਾਨ ਸ਼ਾਵਿਕਾ ਸੀ ਜਦੋਂ ਪਿਸ਼ਾਚ ਦੇ ਕਸ਼ਟਾਂ ਕਾਰਣ ਚੁਲਨੀਪਿਤਾ ਦਾ ਮਨ ਡੋਲ ਗਿਆ ਤਾਂ ਇਸਨੇ ਚੁਲਨੀ-ਪਿਤਾ ਨੂੰ ਧਰਮ ਵਿਚ ਦਰਿੜ ਕੀਤਾ।

**ਸੂਰਾਦੇਵ** (4) ਵੇਖੋ ਚੋਥਾ ਅਧਿਐਨ।

**ਧਨਾ** (4) ਸੁਰਾਦੇਵ ਦੀ ਪਤਨੀ ਸੀ। ਜਿਸਨੇ ਸੂਰਾਦੇਵ ਨੂੰ ਧਰਮ ਵਿਚ ਡੋਲਣ ਤੋਂ ਬਚਾਇਆ ਅਤੇ ਵਰਤਾਂ ਵਿਚ ਪੱਕਾ ਕੀਤਾ।

**ਚੁਲਸ਼ਤਕ** (5) ਵੇਖੋ ਪੰਜਵਾਂ ਅਧਿਐਨ।

**ਬਹੁਲਾ** (5) ਚੁਲਸ਼ਤਕ ਦੀ ਧਰਮ ਪਤਨੀ। ਇਹ ਵੀ ਆਦਰਸ਼ ਸ਼੍ਰਾਵਿਕਾ ਸੀ ਜਿਸ ਨੇ ਚੁਲਸ਼ਤਕ ਨੂੰ ਧਰਮ ਧਿਆਨ ਵਿਚ ਸਥਿਰ ਕੀਤਾ।

**ਕੁਡਕੋਲਿਕ** (6) ਵੇਖੋ 6 ਅਧਿਐਨ

**ਪੁਸ਼ਾ** (6) ਕੁੰਡਕੋਲਿਕ ਦੀ ਧਰਮ-ਪਤਨੀ

**ਦੇਵ** (6) ਇਕ ਮਿਥਿਆਤਵੀ ਦੇਵਤਾ ਜੋਕਿ ਗੋਸ਼ਾਲਕ ਮੰਖਲੀਪੁਤਰ ਦਾ ਪ੍ਰਸ਼ੰਸਕ ਸੀ ਉਸ ਸ਼੍ਰਾਵਕ ਕੋਲ, ਉਸ ਦੇਵਤੇ ਨੇ ਗੋਸ਼ਾਲਕ ਦੇ ਧਰਮ ਦੀ ਪ੍ਰਸ਼ੰਸਾ ਕੀਤੀ। ਪਰ ਸ਼੍ਰਾਵਕ ਅਪਣੇ ਧਰਮ ਤੇ ਦਰਿੜ੍ਹ ਰਿਹਾ।

**ਸਧਾਲਪੁਤਰ** (7) ਵੇਖੋ ਛੇਵਾਂ ਅਧਿਐਨ। ਇਹ ਜਾਤ ਦਾ ਘੁਮਾਰ ਸੀ ਅਤੇ ਆਜੀਵਨ ਗੋਸ਼ਾਲਕ ਦਾ ਧਰਮ ਉਪਾਸਕ ਸੀ। ਇਸ ਦੀਆਂ 500 ਘੁਮਾਰ ਦੇ ਧੰਦੇ ਦੀਆਂ ਦੁਕਾਨਾਂ ਸਨ। ਇਹ ਭਗਵਾਨ ਮਹਾਵੀਰ ਦੀ ਪ੍ਰੇਰਣਾ ਨਾਲ ਸ਼੍ਰਾਵਕ ਬਣ ਗਿਆ।

**ਅਗਨੀਮਿਤਰਾ** (7) ਸਧਾਲਪੁਤਰ ਦੀ ਧਰਮਪਤਨੀ ਸੀ (ਵੇਖੋ ਅਧਿਐਨ 7)

**ਮਹਾ ਸ਼ਤਕ** (8) (ਵੇਖੋ ਅਠਵਾਂ ਅਧਿਐਨ) ਇਹ ਮਹਾਨ ਸ਼੍ਰਾਵਕ ਸੀ ਪਰ ਇਸ ਦੀਆਂ ਰੇਵਤੀ ਆਦਿ 12 ਔਰਤਾਂ ਸਨ।

**ਰੇਵਤੀ** (8) ਮਹਾਸ਼ਤਕ ਦੀ ਪਤਨੀ ਸੀ ਇਸ ਅਪਣੀ 12 ਸੌਕਣਾਂ ਨੂੰ ਮਾਰ ਕੇ ਉਨ੍ਹਾਂ ਦਾ ਦਾਜ ਕਬਜ਼ੇ ਵਿਚ ਕਰ ਲਿਆ ਸੀ। ਇਹ ਮਾਸ ਸ਼ਰਾਬ ਦੀ ਬਹੁਤ

ਸ਼ੌਕੀਨ ਸੀ। ਇਕ ਦਿਨ ਮਾਸ ਖਾ ਕੇ ਤੇ ਸ਼ਰਾਬ ਪੀ ਕੇ, ਰਾਤ ਨੂੰ ਉਸ ਥਾਂ ਤੇ ਪੁਜ ਗਈ ਜਿਥੇ ਮਹਾਸ਼ਤਕ ਪੌਸ਼ਧ ਵਰਤ ਕਰ ਰਿਹਾ ਸੀ। ਮਹਾਸ਼ਤਕ ਨੂੰ ਭੋਗ ਵਿਲਾਸ ਲਈ ਪ੍ਰਾਰਥਨਾ ਕਰਨ ਲਗੀ। ਮਹਾਸ਼ਤਕ ਨੇ ਗੁਸਾ ਖਾ ਕੇ ਰੇਵਤੀ ਨੂੰ ਸ੍ਰਾਪ ਦਿਤਾ "ਤੂੰ ਅੱਠ ਦਿਨਾਂ ਵਿਚ ਮਰਕੇ ਨਰਕ ਵਿਚ ਜਾਵੇਂਗੀ।" ਭਗਵਾਨ ਮਹਾਵੀਰ ਨੇ ਮਹਾਸ਼ਤਕ ਨੂੰ ਆਖਿਆ ਕਿ, ਕੜੇ ਬਚਨ ਸ਼੍ਰਾਵਕ ਨੂੰ ਨਹੀਂ ਬੋਲਨੇ ਚਾਹੀਦੇ, ਇਸ ਲਈ ਤੂੰ ਇਸਦਾ ਪ੍ਰਾਸ਼ਚਿਤ ਕਰ ?

**ਨੰਦਨੀਪਿਤਾ (9)** (ਵੇਖੋ ਨੌਵਾਂ ਅਧਿਐਨ)

**ਅਸ਼ਵਨੀ (9)** ਵੇਖੋ ਨੌਵਾਂ ਅਧਿਐਨ) ਨੰਦਨੀਪਿਤਾ ਦੀ ਧਰਮਪਤਨੀ)

**ਸਾਲਰੀਪਿਤਾ (10)** (ਵੇਖੋ ਦਸਵਾਂ ਅਧਿਐਨ)

**ਫਲਗੁਣੀ (10)** ਸਾਲਹੀ ਪਿਤਾ ਦੀ ਧਰਮਪਤਨੀ